ਪ੍ਰੋਫ਼ੈਸਰ ਬੀ. ਐਸ. ਘੁੰਮਣ
*ਵਾਈਸ ਚਾਂਸਲਰ*
**Prof. B. S. GHUMAN**
Vice Chancellor

ਪੰਜਾਬੀ ਯੂਨੀਵਰਸਿਟੀ, ਪਟਿਆਲਾ
**Punjabi University, Patiala**

# ਸੰਦੇਸ਼

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸਥਾਪਨਾ 30 ਅਪ੍ਰੈਲ, 1962 ਨੂੰ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਪ੍ਰਚਾਰ ਪ੍ਰਸਾਰ ਲਈ ਕੀਤੀ ਗਈ। ਆਪਣੀ ਸਥਾਪਨਾ ਦੇ ਸਮੇਂ ਤੋਂ ਹੀ ਇਹ ਆਪਣੇ ਮੂਲ ਮਕਸਦ ਲਈ ਕਾਰਜਸ਼ੀਲ ਹੈ।

ਪੰਜਾਬੀ ਯੂਨੀਵਰਸਿਟੀ, ਪੰਜਾਬੀ ਭਾਸ਼ਾ ਦੇ ਪ੍ਰਚਾਰ ਪ੍ਰਸਾਰ ਦੇ ਨਾਲ ਸਾਇੰਸ, ਮੈਡੀਸਨ, ਸੋਸ਼ਲ ਸਾਇੰਸ, ਬਿਜ਼ਨੈੱਸ ਸਟੱਡੀਜ਼, ਕੰਪਿਊਟਿੰਗ ਸਾਈਂਸਜ਼, ਐਜੂਕੇਸ਼ਨ ਅਤੇ ਇਨਫਰਮੇਸ਼ਨ ਸਾਇੰਸ, ਭਾਸ਼ਾ, ਕਾਨੂੰਨ, ਲਾਈਫ ਸਾਇੰਸ, ਕਲਾ ਅਤੇ ਸੱਭਿਆਚਾਰ ਅਤੇ ਇੰਜੀਨੀਅਰਿੰਗ ਦੇ ਖੇਤਰ ਵਿਚ ਜਿੱਥੇ ਉਚੇਰੀ ਸਿੱਖਿਆ ਲਈ ਕਾਰਜਸ਼ੀਲ ਹੈ, ਉਥੇ ਇਨ੍ਹਾਂ ਖੇਤਰਾਂ ਵਿਚ ਕਰਵਾਈ ਜਾ ਰਹੀ ਖੋਜ, ਯੂਨੀਵਰਸਿਟੀ ਦੀ ਮੁੱਲਵਾਨ ਪ੍ਰਾਪਤੀ ਹੈ। ਯੂਨੀਵਰਸਿਟੀ ਦੀਆਂ ਖੋਜ ਦੇ ਖੇਤਰ ਵਿਚ ਇਨ੍ਹਾਂ ਮਹੱਤਵਪੂਰਨ ਪ੍ਰਾਪਤੀਆਂ ਨੂੰ ਵਾਚਦਿਆਂ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਵੱਲੋਂ ਪੰਜਾਬੀ ਯੂਨੀਵਰਸਿਟੀ ਨੂੰ ਸਾਲ 2002-07 ਦੀਆਂ ਪ੍ਰਾਪਤੀਆਂ ਲਈ ਪੰਜ ਸਟਾਰ ਅਤੇ ਦੂਜੇ ਗੇੜ 2008-13 ਅਤੇ ਤੀਜੇ ਗੇੜ 2016-23 ਲਈ 'ਏ' ਗਰੇਡ ਤਜਵੀਜ਼ ਕੀਤਾ ਗਿਆ।

ਯੂਨੀਵਰਸਿਟੀ ਵਿਚ ਇਸ ਸਮੇਂ 65 ਵਿਭਾਗ ਅਧਿਆਪਨ ਅਤੇ ਖੋਜ ਦੇ ਖੇਤਰ ਵਿਚ ਕਾਰਜਸ਼ੀਲ ਹਨ ਤੇ ਲਗਭਗ 14000 ਵਿਦਿਆਰਥੀ ਅਲੱਗ ਅਲੱਗ ਕੋਰਸਾਂ ਵਿਚ ਸਿੱਖਿਆ ਹਾਸਲ ਕਰ ਰਹੇ ਹਨ। ਇਸ ਤਰ੍ਹਾਂ ਪੰਜਾਬੀ ਯੂਨੀਵਰਸਿਟੀ ਪੰਜਾਬ ਦੇ ਇਕ ਵੱਡੇ ਖੇਤਰ ਨੂੰ ਸਿੱਖਿਅਤ ਕਰਨ ਦਾ ਕਾਰਜ ਕਰ ਰਹੀ ਹੈ ਖਾਸ ਕਰਕੇ ਮਾਲਵਾ ਖੇਤਰ ਦੇ ਵੱਡੇ ਵਰਗ ਨੂੰ, ਜੋ ਕਿਸੇ ਸਮੇਂ ਵਿਦਿਆ/ਸਿੱਖਿਆ ਦੇ ਖੇਤਰ ਵਿਚ ਪੱਛੜਿਆ ਮੰਨਿਆ ਜਾਂਦਾ ਸੀ, ਨੂੰ ਸਿੱਖਿਅਤ ਕਰਨ ਦਾ ਕਾਰਜ ਇਹ ਯੂਨੀਵਰਸਿਟੀ ਵੱਡੇ ਪੱਧਰ 'ਤੇ ਕਰ ਰਹੀ ਹੈ। ਇਸ ਦੇ ਨਾਲ 270 ਤੋਂ ਵੱਧ ਕਾਲਜ, 9 ਨਿਕਟਵਰਤੀ ਕੈਂਪਸ ਤੇ 12 ਕਾਂਸਟੀਚੁਐਂਟ ਕਾਲਜ ਤੇ 4 ਖੇਤਰੀ ਕੇਂਦਰ ਜੁੜੇ ਹਨ।

ਮੈਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋ ਰਹੀ ਹੈ ਕਿ ਡੀਨ, ਕਾਲਜ ਵਿਕਾਸ ਕੌਂਸਲ ਦੇ ਦਫ਼ਤਰ ਵੱਲੋਂ ਆਪਣਾ ਨਵਾਂ ਵੈੱਬ ਪੇਜ ਬਣਾਉਣ ਦਾ ਫੈਸਲਾ ਕੀਤਾ ਗਿਆ ਹੈ। ਇਹ ਵੈਬ ਪੇਜ ਕਾਲਜ ਸੈਕਸ਼ਨ ਅਤੇ ਕਾਲਜਾਂ ਦੇ ਕੰਮ ਕਾਜ ਵਿੱਚ ਗਤੀਸ਼ੀਲਤਾ ਲਿਆਉਣ ਤੋਂ ਇਲਾਵਾ ਯੂਨੀਵਰਸਿਟੀ ਤੋਂ ਮਾਨਤਾ ਪ੍ਰਾਪਤ ਕਾਲਜਾਂ ਨਾਲ ਤੁਰੰਤ ਸੰਬੰਧਤ ਸੂਚਨਾਵਾਂ ਦੇ ਅਦਾਨ ਪ੍ਰਦਾਨ ਲਈ ਵੀ ਪ੍ਰਮੁੱਖ ਪਲੇਟਫਾਰਮ ਵਜੋਂ ਲਗਾਤਾਰ ਕਾਰਜਸ਼ੀਲ ਰਹੇਗਾ।

ਮੈਂ ਇਸ ਕੰਮ ਲਈ ਡੀਨ, ਕਾਲਜ ਵਿਕਾਸ ਕੌਂਸਲ ਅਤੇ ਵਧੀਕ ਡੀਨ, ਕਾਲਜ ਵਿਕਾਸ ਕੌਂਸਲ ਦੀ ਸ਼ਲਾਘਾ ਕਰਦਾ ਹਾਂ ਅਤੇ ਮੈਨੂੰ ਭਰੋਸਾ ਹੈ ਕਿ ਇਸ ਪਹਿਲਕਦਮੀ ਨਾਲ ਭਵਿੱਖ ਵਿੱਚ ਚੰਗੇ ਨਤੀਜੇ ਪ੍ਰਾਪਤ ਕੀਤੇ ਜਾ ਸਕਣਗੇ।

**(ਬੀ.ਐਸ. ਘੁੰਮਣ)**



(Off.) 0175-2286418, 3046001 (Resi.) 2282478, 3046005 0175-2286682 vc@pbi.ac.in

ਪ੍ਰੋਫ਼ੈਸਰ ਬੀ. ਐਸ. ਘੁੰਮਣ
ਵਾਈਸ ਚਾਂਸਲਰ
**Prof. B. S. GHUMAN**
Vice Chancellor

ਪੰਜਾਬੀ ਯੂਨੀਵਰਸਿਟੀ, ਪਟਿਆਲਾ
**Punjabi University, Patiala**

# Message

Punjabi University was established on April 30, 1962, and was endowed with a mandate to further the noble cause of Punjabi language, literature and culture.

The University has not only made seminal contribution towards the development of Punjabi language, literature, art and culture but has also emerged as a premier institution for imparting teaching and for carrying out research in life sciences, physical sciences, medicine, engineering and technology, business studies, law, social sciences, languages, education, information sciences, and arts and culture. Ensuring quality education is one of the primary tasks of the University, which has done exceedingly well on the parameters of quality in higher education prescribed by the National Assessment and Accreditation Council (NAAC). It is a matter of satisfaction that NAAC has awarded the University 'Five Star' grade in the first cycle (2002-07) and 'A' grade in the second (2008-13) and the third (2016-23) cycles.

Currently, the University has 65 teaching and research departments and enrols more than 14000 students in various courses. It has been untiringly fulfilling the requirements of a large part of Punjab, mainly the Malwa region, through 274 affiliated colleges, 9 neighbourhood campuses, 12 constituent colleges and 4 regional centres.

I am delighted to know that the office of the Dean, College Development Council has decided to have its own web page. It will facilitate not only the functioning of the College Section and the colleges; it will also serve as a platform for communication with affiliated colleges by providing relevant information regularly through this webpage.

I appreciate this initiative of the Dean and Additional Dean, College Development Council and I am confident that the initiative would yield expected results.

**(B.S. Ghuman)**

(Off.) 0175-2286418, 3046001 (Resi.) 2282478, 3046005 0175-2286682 vc@pbi.ac.in